# ਅਪਾਹਜ ਕੌਣ? (ਮਿੰਨੀ ਕਹਾਣੀ)

ਰਜਨੀ

ਰੋਜ ਵਾਂਗ ਕਾਲਾਂਵਾਲੀ ਤੋਂ ਬਠਿੰਡੇ ਜਾਣ ਵਾਲੀ ਰੇਲ ਗੱਡੀ ਵਿੱਚ ਮਲਕੀਤ ਤੇ ਉਸਦੇ ਚਾਰ ਦੋਸਤ ਤਾਸ਼ ਦੇ ਪੱਤੇ ਵੰਡਣ ਲੱਗਦੇ ਹਨ ਤਾਂ ਸੁਖਦੇਵ ਨੇ ਭਰਿਸ਼ਟਾਚਾਰ ਦਾ ਵਿਸ਼ਾ ਛੇੜ ਲਿਆ, ਜਿਸ ਵਿੱਚ ਹੌਲੀ ਹੌਲੀ ਉਹਨਾਂ ਦੇ ਰੋਜ਼ਾਨਾ ਦੀ ਮਿੱਤਰ ਟੋਲੀ ਦੇ ਇਲਾਵਾ ਆਮ ਸਵਾਰੀਆਂ ਵੀ ਜੁੜ ਗਈਆਂ। ਗੱਲਾਂ ਗੱਲਾਂ ਵਿੱਚ ਜ਼ਿਕਰ ਪੰਜਾਬ ਅਤੇ ਹਰਿਆਣੇ ਦੀ ਸਰਕਾਰਾਂ ਦੇ ਮੁਲਾਜ਼ਮਾਂ ਦਾ ਵੀ ਚੱਲ ਪਿਆ ।ਰੇਲਗੱਡੀ ਵੀ ਆਪਣੀ ਰਫ਼ਤਾਰ ਵਧਾ ਰਹੀ ਸੀ। ਮਲਕੀਤ ਨੇ ਨਾਲ ਦੇ ਪਿੰਡ ਵਿੱਚ ਚੁਣੇ ਗਏ ਸਰਪੰਚ ਬਾਰੇ ਗੱਲ ਕਰਨੀ ਸ਼ੁਰੂ ਕੀਤੀ ਕਿ ਉਹ ਸਰਪੰਚ ਮਲਕੀਤ ਦੇ ਚਾਚੇ ਦਾ ਜਿਗਰੀ ਯਾਦ ਹੈ। ਮਲਕੀਤ ਉਸ ਦੀਆਂ ਸਿਫਤਾਂ ਕਰਦਾ ਹੋਇਆ ਉਸਦੀਆਂ ਕਮੀਆਂ ਨੂੰ ਅਣਦੇਖਿਆ ਕਰਦਾ ਹੈ। ਜਦਕਿ ਉਸਦੀ ਤਾਸ਼ ਦੀ ਖੇਡ ਦਾ ਇੱਕ ਖਿਡਾਰੀ ਸਤਪਾਲ ਉਸ ਪਿੰਡ ਦਾ ਹੀ ਸੀ ਜਿਸ ਪਿੰਡ ਦੇ ਸਰਪੰਚ ਦੀ ਵਡਿਆਈ ਮਲਕੀਤ ਕਰ ਰਿਹਾ ਸੀ ਉਸ ਤੋਂ ਰਿਹਾ ਨਹੀਂ ਗਿਆ ਉਸਨੇ ਬੋਲਣਾ ਸ਼ੁਰੂ ਕੀਤਾ ਕਿ ਕਿਸ ਤਰ੍ਹਾਂ ਉਸਦੇ ਸਰਪੰਚ ਨੇ ਇੱਕ ਜਾਇਜ਼ ਕਾਗਜ਼ ਤੇ ਹਸਤਾਖਰ ਕਰਨ ਲਈ ਵੀ ਕਿੰਨੇ ਤਰਲੇ ਕਰਨੇ ਪਏ ਸਨ। ਮਲਕੀਤ ਆਪਣੀ ਜੋਰਦਾਰ ਆਵਾਜ਼ ਵਿੱਚ ਉਸਦੀ ਇਸ ਗੱਲ ਨੂੰ ਇੱਕ ਆਮ ਜਿਹੀ ਗੱਲ ਕਹਿ ਕੇ ਚੁੱਪ ਕਰਾ ਦਿੰਦਾ ਹੈ ਅਤੇ ਤਾਸ਼ ਦੀ ਬਾਜੀ ਅੱਗੇ ਤੋਰਨ ਲਈ ਕਹਿੰਦਾ ਹੈ।ਮਲਕੀਤ ਕਹਿਣ ਲੱਗਾ ਕਿ" ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਜਾਇਜ਼ ਕੰਮ ਵਿੱਚ ਵੀ ਦੇਰੀ ਕਰਵਾਉਣਾ ਭਰਿਸ਼ਟਾਚਾਰ ਦਾ ਹੀ ਹਿੱਸਾ ਹੈ, ਪਰ ਇਹ ਸਮਾਜ ਦਾ ਹਿੱਸਾ ਬਣ ਚੁੱਕਿਆ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਬੁਰਾਈ ਦਾ ਅੰਤ ਕਰਨਾ ਚਾਹੀਦਾ ਹੈ। ਗੱਡੀ ਦੇ ਡੱਬੇ ਦੇ ਸਾਰੇ ਲੋਕ ਉਸਦੀ ਗੱਲ ਨੂੰ ਧਿਆਨ ਨਾਲ ਸੁਣ ਰਹੇ ਸਨ। ਇੰਨੇ ਨੂੰ ਇੱਕ ਮਰੁੰਡਾ ਵੇਚਣ ਵਾਲਾ ਮੁੰਡਾ ਜੋ ਕਿ ਲੰਗੜਾ ਸੀ ਮਲਕੀਤ ਨੇ ਉਸ ਤੋਂ ਦਸ ਰੁਪਏ ਵਾਲੇ ਛੇ ਮਰੁੰਡੇ ਲੈ ਕੇ ਉਸਨੂੰ ਪੰਜਾਹ ਰੁਪਏ ਦੇ ਦਿੱਤੇ ।ਜਦ ਉਸ ਅਪਾਹਜ ਮੁੰਡੇ ਨੇ  ਮਲਕੀਤ ਤੋਂ ਦਸ ਰੁਪਏ ਹੋਰ ਮੰਗੇ ਤਾਂ ਮਲਕੀਤ ਨੇ ਉਸ ਨੂੰ ਦਬਕਾ ਮਾਰ ਕੇ ਭਜਾ ਦਿੱਤਾ। ਮਲਕੀਤ ਮਜਬੂਰ ਮੁੰਡੇ ਤੇ ਬੇਮਤਲਬ ਦਾ ਰੋਬ ਤੇ ਉਸਦਾ ਹੱਕ ਰੱਖਣ ਨੂੰ ਆਪਣਾ ਹੱਕ ਸਮਝ ਰਿਹਾ ਸੀ।ਉਹ ਮੁੰਡਾ ਚੁੱਪਚਾਪ ਮੂੰਹ ਲਟਕਾ ਕੇ ਉਥੋਂ ਚਲਾ ਗਿਆ। ਮਲਕੀਤ ਦੇ ਸਟੇਸ਼ਨ ਤੋਂ ਹੀ ਮਲਕੀਤ ਦੇ ਨਾਲ ਹੀ ਚੜਿਆ ਇੱਕ ਬਜ਼ੁਰਗ ਮਲਕੀਤ ਦੀ ਗੱਲ ਨੂੰ ਸ਼ੁਰੂ ਤੋਂ ਅੰਤ ਤੱਕ ਸੁਣ ਰਿਹਾ ਸੀ। ਉਹ ਮਲਕੀਤ ਦੇ ਮਰੁੰਡੇ ਵੇਚਣ ਵਾਲੇ ਮੁੰਡੇ ਨਾਲ ਕੀਤੇ ਵਿਹਾਰ ਤੇ ਮੁਸਕਰਾ ਕੇ ਕਹਿਣ ਲੱਗਾ "ਮਲਕੀਤ ਸਿਹਾਂ ਭਰਿਸ਼ਟਾਚਾਰ ਨੇ ਤਾਂ ਸਾਨੂੰ ਸਭ ਨੂੰ ਅਪਾਹਜ ਕੀਤਾ ਹੋਇਆ ਹੈ, ਭਾਵੇਂ ਉਹ ਦਸ ਰੁਪਏ ਦੇ ਮਰੁੰਡੇ ਵਾਸਤੇ ਹੀ ਕਿਉਂ ਨਾ ਹੋਵੇ।"ਬਜ਼ੁਰਗ ਆਪਣਾ ਸਟੇਸ਼ਨ ਆਉਂਦੇ ਹੀ ਉਸ ਅਪਾਹਜ ਮੁੰਡੇ ਦੇ ਪਿੱਛੇ ਪਿੱਛੇ ਸਟੇਸ਼ਨ ਤੇ ਉਤਰ ਜਾਂਦਾ ਹੈ ।ਮਲਕੀਤ ਸਮਾਜ ਸੇਵਾ ਦਾ ਆਪਣਾ ਉਪਦੇਸ਼ ਜਾਰੀ ਰੱਖਦਾ ਹੈ।

# ਮਾਂ (ਮਿੰਨੀ ਕਹਾਣੀ)

ਸਤੀਸ਼ ਨੇ ਆਪਨੇ ਮੁੰਡੇ ਪੁਨੀਤ ਨੂੰ ਉਸਦੇ ਜਨਮਦਿਨ ਤੇ ਨਵੀਂ ਮਰਸੀਡੀਜ਼ ਲੈ ਕੇ ਦਿੱਤੀ।ਪੁਨੀਤ ਜੋ ਕਿ ਸਿਰਫ ਵੀਹ ਸਾਲਾਂ ਦਾ ਹੀ ਸੀ, ਉਸਨੇ ਆਪਣੇ ਯਾਰਾਂ ਦੋਸਤਾਂ ਨੂੰ ਗੱਡੀ ਵਿੱਚ ਬਿਠਾਇਆ ਤੇ ਸ਼ਹਿਰ ਵੱਲ ਨੂੰ ਸਟੇਰਿੰਗ ਘੁਮਾ ਲਿਆ। ਕੱਚੀ ਸੜਕ ਪਾਰ ਕਰਦੇ ਜਿਵੇਂ ਹੀ ਗੱਡੀ ਸ਼ਹਿਰ ਨੂੰ ਜਾ ਰਹੀ ਪੱਕੀ ਸੜਕ ਤੇ ਆਈ ਤਾਂ ਪੁਨੀਤ ਨੇ ਆਪਣੀ ਗੱਡੀ ਦੀ ਰਫ਼ਤਾਰ ਵਧਾ ਦਿੱਤੀ ।ਅਚਾਨਕ ਸੜਕ ਦੇ ਇੱਕ ਪਾਸੇ ਤੋਂ ਭੇਡਾਂ ਦੇ ਇੱਜੜ ਵਿੱਚੋਂ ਨਿਕਲ ਕੇ ਇੱਕ ਭੇਡ ਦਾ ਬੱਚਾ ਸੜਕ ਦੇ ਵਿੱਚ ਵਿਚਕਾਰ ਆ ਖੜੋਤਾ ਤੇ ਪੁਨੀਤ ਦੀ ਤੇਜ਼ ਰਫ਼ਤਾਰ ਨਾਲ ਚੱਲ ਰਹੀ ਗੱਡੀ ਦੇ ਥੱਲੇ ਆ ਗਿਆ ।ਉਸ ਦੀ ਤੁਰੰਤ ਹੀ ਮੌਤ ਹੋ ਗਈ। ਬੱਚਾ ਭਾਵੇਂ ਇਨਸਾਨ ਦਾ ਹੋਵੇ,ਭਾਵੇਂ ਜਾਨਵਰ ਦਾ, ਉਹ ਹੁੰਦਾ ਮਾਂ ਦੇ ਸਰੀਰ ਦਾ ਹਿੱਸਾ ਹੀ ਹੈ। ਚਰਵਾਹੇ ਨੇ ਸ਼ੋਰ ਵੀ ਪਾਇਆ ।ਪਰ ਪੁਨੀਤ ਨੇ ਨੁਕਸਾਨ ਹੁੰਦਿਆਂ ਵੇਖ ਗੱਡੀ ਦੀ ਰਫ਼ਤਾਰ ਹੋਰ ਵੀ ਤੇਜ਼ ਵਧਾ ਲਈ। ਪਰ ਮਰੇ ਭੇਡ ਦੇ ਬੱਚੇ ਦੀ ਮਾਂ ਵੀ ਆਪਣੇ ਮਰੇ ਬੱਚੇ ਕੋਲ ਜਾ ਖੜੋਤੀ। ਚਰਵਾਹੇ ਨੇ ਜਦ ਭੇਡ ਨੂੰ ਆਪਣੇ ਬੱਚੇ ਕੋਲ ਰੁਕਿਆ ਵੇਖਿਆ ਤਾਂ ਉਸਨੇ ਉਸਨੂੰ ਅੱਗੇ ਬਾਕੀ ਭੇਡਾਂ ਵਿੱਚ ਰਲ ਕੇ ਵਧਣ ਲਈ ਤੇ ਚੱਲਣ ਲਈ ਡਾਂਗ ਹੁਲਾਰੀ ਤੇ ਉਹ ਲਾਚਾਰ ਤੇ ਬੇਬਸ ਆਪਣੀ ਭਾਸ਼ਾ ਵਿੱਚ ਕੁਰਲਾਉਂਦੀ ਹੋਈ ਝੁੰਡ ਵਿੱਚ ਰਲ ਜਾਂਦੀ ਹੈ।